# ਮੂਹਰਲੀਆਂ ਸਫ਼ਾਂ 'ਚੋਂ :

## ਸਮੇਂ ਦੀ ਮੁੱਖ ਮੰਗ ਹੈ ਸਾਰਿਆਂ ਲਈ ਚੰਗੀਆਂ ਜੌਬਾਂ

ਸੰਖੇਪ ਜਾਣਕਾਰੀ

# ਸੰਖੇਪ ਜਾਣਕਾਰੀ

ਕੋਵਿਡ ਮਹਾਂਮਾਰੀ ਦੀ ਇਕ ਤੋਂ ਬਾਅਦ ਦੂਜੀ ਲਹਿਰ ਨੇ ਇੱਥੋਂ ਦੇ ਯੋਜਨਾਬੱਧ ਪ੍ਰਬੰਧ 'ਚ ਪਏ ਲੰਗਿ ਅਤੇ ਰੰਗ ਦੇ ਅਧਾਰ 'ਤੇ ਹੁੰਦਾ ਭੇਦ-ਭਾਵ ਅਤੇ ਲੇਬਰ ਮਾਰਕੀਟ 'ਚ ਆਏ ਆਰਥਿਕ ਨਾ-ਬਰਾਬਰੀ ਦੇ ਫਰਕ ਨੂੰ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ। ਜਿਹੜੇ ਵਰਕਰ ਹਰ ਫਰੰਟ 'ਤੇ ਅੱਗੇ ਹੋ ਕੇ ਸਮਾਜ ਲਈ ਖਾਣੇ ਦਾ ਪ੍ਰਬੰਧ ਕਰਦੇ ਰਹੇ, ਉਹਨਾਂ ਦੀ ਦੇਖ-ਭਾਲ ਕਰਦੇ ਰਹੇ, ਸਫਾਈ ਦਾ ਕੰਮ ਕਰਦੇ ਰਹੇ ਅਤੇ ਬਿਨਾਂ ਕਿਸੇ ਹੈਲਥ ਬੈਨੇਫਿਟ ਅਤੇ ਬਿਮਾਰ ਹੋਣ 'ਤੇ ਪੇਅ ਸਮੇਤ ਛੁੱਟੀਆਂ ਨਾ ਮਿਲਣ ਦੇ ਬਾਵਯੂਦ ਵੀ ਘੱਟ ਪੇਅ 'ਤੇ ਖਤਰੇ ਵਾਲੀਆਂ ਥਾਵਾਂ 'ਤੇ ਕੰਮ ਕਰਦੇ ਰਹੇ ਸਨ-ਜਦੋਂ ਕਿ ਬਹੁਤੀ ਵਾਰ ਉਹਨਾਂ ਨੂੰ ਇੰਪਲਾਇਮੈਂਟ ਸਟੈਂਡਰਡ ਐਕਟ (Eਓ) ਵਲੋਂ ਵੀ ਪੂਰੀ ਸੁਰੱਖਿਆ ਪ੍ਰਾਪਤ ਨਹੀਂ ਸੀ। ਕੰਮ ਵਾਲੀਆਂ ਥਾਵਾਂ 'ਤੇ ਕੋਵਿਡ ਦੇ ਬੜੀ ਤੇਜੀ ਨਾਲ ਵੱਧ ਫੈਲਣ ਕਾਰਣ ਬੜੇ ਦੁਖਦਾਈ ਨਤੀਜੇ ਨਿਕਲੇ, ਮਹਾਂਮਾਰੀ ਕਾਰਣ ਅਨੁਪਾਤ ਦੇ ਅਧਾਰ 'ਤੇ ਰੰਗਦਾਰ, ਪਰਵਾਸੀ ਅਤੇ ਘੱਟ ਪੇਅ 'ਤੇ ਕੰਮ ਕਰਨ ਵਾਲੇ ਵਰਕਰ ਹੀ ਵੱਧ ਪ੍ਰਭਾਵਿਤ ਹੋਏ ਹਨ। ਇਸ ਦਾ ਬੁਨਿਆਦੀ ਕਾਰਣ ਆਪਣੇ ਆਪ 'ਚ ਹੀ ਮਾੜੀਆਂ ਜੌਬਾਂ ਅਤੇ ਆਰਥਿਕ ਨਾ-ਬਰਾਬਰੀ ਹੈ।

ਜਿਹੜੇ ਵਰਕਰ ਬਿਨਾਂ ਕਿਸੇ ਸਹੀ ਢੰਗ ਦੀ ਸੁਰੱਖਿਆ ਤੋਂ ਆਰਥਿਕਤਾ ਨੂੰ ਚੱਲਦੀ ਰੱਖ ਰਹੇ ਸਨ ਉਹ ਹੁਣ ਇਕੱਠੇ ਹੋ ਕੇ ਮੰਗ ਕਰਨ ਲੱਗੇ ਹਨ ਕਿ ਕਾਨੂੰਨ 'ਚ ਤਬਦੀਲੀ ਕਰਕੇ ਮਾੜੀਆਂ ਜੌਬਾਂ ਬਾਰੇ 'ਚ ਚਰਚਾ ਕੀਤੀ ਜਾਵੇ, ਵੱਧ ਰਹੀ ਨਾ-ਬਰਾਬਰੀ ਨੂੰ ਰੋਕਿਆ ਜਾਵੇ, ਵੇਜਜ਼ ਵਧਾਏ ਜਾਣ ਅਤੇ ਕੰਮ ਦੀਆਂ ਹਾਲਤਾਂ 'ਚ ਸੁਧਾਰ ਕੀਤਾ ਜਾਵੇ। ਮਹਾਂਮਾਰੀ ਕਾਰਣ ਜਿਹੜਾ ਆਰਥਿਕ ਨਾ-ਬਰਾਬਰੀ 'ਚ ਹੋਰ ਵੱਡਾ ਵਾਧਾ ਹੋਇਆ ਹੈ ਉਸ ਨੂੰ ਘਟਾਉਂਣ ਲਈ ਲੇਬਰ ਇੰਪਲਾਇਟਮੈਂਟ ਕਾਨੂੰਨਾ 'ਚ ਪਈਆਂ ਖਾਮੀਆਂ ਨੂੰ ਦੂਰ ਕਰਨ ਲਈ ਜਲਦੀ ਤੋਂ ਜਲਦੀ ਵਿਚਾਰਿਆ ਜਾਵੇ।

ਜਿਵੇਂ ਹੀ ਨਾ-ਬਰਾਬਰੀ ਵੱਧ ਰਹੀ ਹੈ ਅਤੇ ਜੀਵਨ ਨਿਰਭਾਹ ਲਈ ਲੋੜੀਦੀਆਂ ਵਸਤਾਂ ਦੀਆਂ ਕੀਮਤਾਂ 'ਚ ਅਥਾਹ ਵਾਧਾ ਹੋਇਆ ਹੈ, ਉਨਟਰਾਰੀE ਦੇ ਬਹੁਤ ਸਾਰੇ ਵਰਕਰ ਘਰ ਚਲਾਉਂਣ ਲਈ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਮਿਨੀਮਮ ਵੇਜ 'ਚ ਵਾਧਾ ਬਹੁਤ ਜ਼ਰੂਰੀ ਹੈ ਜਿਸ ਨਾਲ ਵਰਕਰ ਆਪਣੇ ਮੁੱਢਲੇ ਖਰਚੇ ਚਲਾ ਸਕਣਗੇ, ਜਿਵੇਂ ਕਿ ਘਰ ਦਾ ਰੈਂਟ, ਭੋਜਨ ਅਤੇ ਪਰਿਵਾਰ ਦੇ ਖਰਚੇ। ਚੰਗੀ ਪੇਅ, ਕੰਮ ਦੇ ਸਹੀ ਘੰਟੇ ਅਤੇ ਇਕੋ ਜਿਹੇ ਕੰਮ ਦੀ ਇਕੋ ਜਿੰਨੀ ਪੇਅ ਜਿਹੇ ਬੁਨਿਆਦੀ ਮੁੱਦੇ ਜਿਸ ਨਾਲ ਰੰਗ, ਲੰਗਿ ਅਤੇ ਹੋਰ ਕਾਰਣਾ ਕਰਕੇ ਲੇਬਰ ਮਾਰਕੀਟ 'ਚ ਆਏ ਪੇਅ ਦੇ ਪਾੜੇ ਨੂੰ ਸੰਬੋਧਨ ਹੋਣਾ ਜ਼ਰੂਰੀ ਹੈ।

ਲੇਬਰ ਮਾਰਕੀਟ 'ਚ ਚਲਦੇ ਨਸਲਵਾਦ ਕਾਰਨ, ਆਦਿਵਾਸੀ, ਕਾਲੇ ਰੰਗ ਦੇ, ਲੈਟੀਨੋ, ਫਿਲਪੀਨੋ, ਏਸੀਅਨ ਅਤੇ ਰੰਗਦਾਰ ਲੋਕਾਂ ਨੂੰ ਮਾੜੀਆਂ ਜੌਬਾਂ 'ਚ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜਿੱਥੇ ਬਹੁਤ ਘੱਟ ਸੁਰੱਖਿਆ ਪ੍ਰਬੰਧ ਹੁੰਦੇ ਹਨ, ਪੇਅ ਬੜੀ ਘੱਟ ਹੁੰਦੀ ਹੈ ਅਤੇ ਕੰਮ ਦੀਆਂ ਹਾਲਤਾਂ ਬੜੀਆਂ ਮਾੜੀਆਂ ਹੁੰਦੀਆਂ ਹਨ। ਰੰਗਦਾਰ ਲੋਕਾਂ ਕੋਲ ਬਹੁਤੀ ਵਾਰ ਆਰਜੀ ਜਾਂ ਪਾਰਟਟਾਈਮ ਕੰਮ ਹੀ ਹੁੰਦੇ ਹਨ ਅਤੇ ਉਹਨਾਂ ਕੋਲ ਬਿਮਾਰ ਹੋ ਜਾਣ 'ਤੇ ਪੇਅ ਸਮੇਤ ਛੁੱਟੀਆਂ ਦੀ ਸਹੂਲਤ ਵੀ ਨਹੀਂ ਹੁੰਦੀ। 1 ।6 ਮਿਲੀਅਨ ਪਰਵਾਸੀ ਲੋਕਾਂ ਨੂੰ ਪੱਕੀ ਇੰਮੀਗਰੇਸ਼ਨ ਨਾ ਮਿਲਣ ਕਾਰਨ ਇੰਪਲਾਇਟਮੈਂਟ ਕਾਨੂੰਨਾ 'ਚ ਹੋਰ ਧਾਂਦਲੀਆਂ ਹੋਣ ਦਾ ਰਾਹ ਮੋਕਲਾ ਹੋ ਗਿਆ ਹੈ, ਕੰਪਨੀ ਮਾਲਕ ਕਾਨੂੰਨਾ 'ਚ ਮਿਲੀਆਂ ਛੋਟਾਂ ਵਾਲੀਆਂ ਖਾਮੀਆਂ ਦਾ ਫਾਇਦਾ ਉਠਾਕੇ ਵਰਕਰਾਂ ਦੇ ਘੱਟੋ ਘੱਟ ਬੁਨਿਆਦੀ ਅਧਿਕਾਰਾਂ ਦਾ ਵੀ ਘਾਣ ਕਰਦੇ ਹਨ, ਆਪਣੀਆਂ ਜ਼ੁੰਮੇਵਾਰੀਆਂ ਸਬ-ਕੰਨਟਰੈਕਟ, ਫਰੈਂਚਾਈਜਿੰਗ ਅਤੇ ਟੈਂਪ ਏਜੰਸੀ 'ਤੇ ਪਾ ਕੇ, ਮਿਸਕਲਾਸੀਫਿਕੇਸ਼ਨ ਦਾ ਫਾਇਦਾ ਉਠਾਕੇ ਰੁਜ਼ਗਾਰ ਦੇ ਬੁਨਿਆਦੀ ਹੱਕਾਂ ਤੋਂ ਵੀ ਮੁਨਕਰ ਹੋ ਰਹੇ ਹਨ।

ਜਿਉਂ ਹੀ ਆਪਾਂ ਕੋਵਿਡ ਤੋਂ ਬਾਹਰ ਆ ਰਹੇ ਹਾਂ ਇਸ ਨਾਜ਼ੁਕ ਸਮੇਂ 'ਤੇ ਆਪਾਂ ਨੂੰ ਇਹਨਾਂ ਨਾ-ਬਰਾਬਰੀਆਂ ਨੂੰ ਸੰਬੋਧਨ ਹੋਣਾ ਚਾਹੀਦਾ।

ਜਿਸ ਦਾ ਮਤਲਬ ਹੈ ਉਨਟਾਰੀE ਇੰਪਲਾਇਮੈਂਟ ਕਾਨੂੰਨ ਨੂੰ ਹੋਰ ਤਾਕਤਵਰ ਬਣਾਉਂਣਾ, ਵਧੇ ਹੋਏ ਪਾੜੇ ਨੂੰ ਘਟਾਉਂਣਾ ਅਤੇ ਕਾਨੂੰਨ 'ਚ ਪਈਆਂ ਉਹਨਾਂ ਘਾਟਾਂ ਨੂੰ ਦੂਰ ਕਰਨਾ ਜਿਸ ਕਾਰਣ ਇਹ ਮਾੜੀਆਂ ਜੌਬਾਂ 'ਚ ਵਾਧਾ ਹੁੰਦਾ ਹੈ; ਨੀਵੇ ਪੱਧਰ ਦੀਆਂ, ਪਾਰਟ-ਟਾਈਮ ਜੌਬਾਂ ਅਤੇ ਖਤਰਨਾਕ ਕੰਮਾਂ ਨੂੰ ਚਲਦਾ ਰੱਖਣ ਲਈ ਮਾਲਕਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਨੂੰ ਹਟਾਉਂਣਾ, ਜਦੋਂ ਮਾਲਕ ਕਾਨੂੰਨ ਤੋੜਦੇ ਹਨ ਉਦੋਂ ਕਾਨੂੰਨ ਨੂੰ ਲਾਗੂ ਕਰਵਾਉਂਣਾ ਅਤੇ ਸਖਤ ਜੁਰਮਾਨੇ ਕਰਨਾਂ।

ਵਰਕਰਜ਼ ਐਕਸ਼ਨ ਸੈਂਟਰ ਦੇ ਮੈਂਬਰਾਂ ਨੇ ਇਸ ਰਿਪੋਰਟ 'ਚ ਬਹੁਤ ਹੀ ਢੁੱਕਵੀਂ ਯੁੱਧਨੀਤੀ ਤਿਆਰ ਕੀਤੀ ਹੈ, ਜੇ ਇਹ ਲਾਗੂ ਹੋ ਜਾਂਦੀ ਹੈ ਤਾਂ ਇਹ ਸਾਰਿਆਂ ਵਾਸਤੇ ਚੰਗੀਆਂ ਜੌਬਾਂ ਲਈ ਰਾਹ ਦਰਸੇਵਾ ਬਣੇਗੀ।

# ਕੀਤੀਆਂ ਗਈਆਂ ਸਿਫਾਰਸ਼ਾਂ ਦੀ ਸੰਖੇਪ ਰਿਪੋਰਟ

## ਚੰਗੀਆਂ ਤਨਖਾਹਾਂ (ਪੇਅ)

ਇਹੋ ਜਿਹਾ ਕਾਨੂੰਨ ਬਣਾE ਜੋ:

- ਜੋ ਸਾਰਿਆਂ ਲਈ ਮਿਨੀਮਮ ਵੇਜ 20 ਡਾਲਰ ਕਰੇ।
- ਪਹਿਲਾਂ ਤੋਂ ਬਣੇ ਸਲਾਨਾ ਵੇਜ ਐਡਜੱਸਟਮੈਂਟ ਕਾਨੂੰਨ ਨੂੰ ਕਾਇਮ ਰੱਖੇ ਜਿਸ ਨਾਲ ਕੀਮਤਾਂ ‘ਚ ਆਏ ਵਾਧੇ ਨਾਲ ਪੇਅ ਵੀ ਵੱਧਦੀ ਰਹੇ।
- ਸਬ-ਮਿਨੀਮਮ ਵੇਜ ਰੇਟ ਬੰਦ ਕੀਤੇ ਜਾਣ ਅਤੇ ਆਮ ਮਿਨੀਮਮ ਵੇਜ ‘ਚ ਮਾਲਕਾਂ ਨੂੰ ਸਟੂਡੈਂਟਸ, ਫਾਰਮ-ਵਰਕਰਾਂ ਅਤੇ ਕਈ ਹੋਰ ਜੌਬਾਂ ‘ਚ ਮਿਲੀਆਂ ਛੋਟਾਂ ਨੂੰ ਬੰਦ ਕੀਤਾ ਜਾਵੇ।

## ਕੰਮ ਦੇ ਸੰਤੋਖਜਨਕ ਘੰਟੇ

ਇਹੋ ਜਿਹਾ ਕਾਨੂੰਨ ਬਣਾE ਜੋ ਮਾਲਕਾਂ ਨੂੰ ਮਜਬੂਰ ਕਰ ਦੇਵੇ ਤਾਂ ਕਿ:

- ਇੰਪਲਾਈਜ਼ (ਵਰਕਰਾਂ) ਨੂੰ ਹਰ ਹਫਤੇ ਘੱਟੋ ਘੱਟ ਬਣਦੇ ਘੰਟੇ ਦੇਣ ਦੀ ਗਰੰਟੀ ਦੇਵੇ।
- ਇੰਪਲਾਈਜ਼ ਨੂੰ ਉਹਨਾਂ ਦੇ ਕੰਮ ਦਾ ਸਕੈਯੁਅਲ ਦੋ ਹਫਤੇ ਪਹਿਲਾਂ ਦਿੱਤਾ ਜਾਵੇ।
- ਨਵਾਂ ਸਟਾਫ ਕੰਮ ‘ਤੇ ਰੱਖਣ ਤੋਂ ਪਹਿਲਾਂ ਉੱਥੇ ਪਹਿਲਾਂ ਤੋਂ ਕੰਮ ਕਰਦੇ ਵਰਕਰਾਂ ਨੂੰ ਵਾਧੂ ਕੰਮ ਦੇ ਘੰਟੇ ਦਿੱਤੇ ਜਾਣ।

## ਬਿਮਾਰੀ ਸਮੇਂ ਤਨਖਾਹ ਸਮੇਤ ਛੁੱਟੀਆਂ (ਪੇਡ ਸਿੱਕ ਡੇਜ਼)

ਇਹੋ ਜਿਹਾ ਕਾਨੂੰਨ ਬਣਾE ਜੋ:

- ਮਾਲਕਾਂ ਨੂੰ ਮਜਬੂਰ ਕਰੇ ਕਿ ਉਹ ਆਪਣੇ ਖਰਚੇ ‘ਤੇ ਐਮਰਜੈਂਸੀ ਸਮੇਂ ਹਰ ਸਾਲ 10 ਦਿਨ ਦੀਆਂ ਪੇਅ ਸਮੇਤ ਛੁੱਟੀਆਂ ਦੇਣ ਅਤੇ ਕਿਸੇ ਮਹਾਂਮਾਰੀ ਸਮੇਂ ’ਤੇ 14 ਹੋਰ ਵਾਧੂ ਛੁੱਟੀਆਂ ਦਿੱਤੀਆਂ ਜਾਣ।
- ਐਮਰਜੈਂਸੀ ਛੁੱਟੀਆਂ ਲੈਣ ‘ਤੇ ਮਾਲਕਾਂ ਵਲੋਂ ਇੰਪਲਾਈਜ਼ ਤੋਂ ਮੰਗੇ ਜਾਂਦੇ ਡਾਕਟਰੀ ਨੋਟ ਤੋਂ ਛੋਟ ਹੋਵੇ।

## ਇਕੋ ਜਿਹੇ ਕੰਮ ਦੀ ਇਕੋ ਜਿੰਨੀ ਪੇਅ ਹੋਵੇ

ਇਹੋ ਜਿਹਾ ਕਾਨੂੰਨ ਬਣਾE ਜੋ ਮਾਲਕਾਂ ਨੂੰ ਮਜਬੂਰ ਕਰੇ:

- ਮਾਲਕ, ਇਕੋ ਜਿਹਾ ਕੰਮ ਕਰਨ ਵਾਲੇ ਹਰ ਵਰਕਰ ਨੂੰ ਇਕੋ ਜਿੰਨੀ ਪੇਅ ਅਤੇ ਬੈਨੇਫਿਟਸ ਦੇਣ ਭਾਵੇਂ ਕੋਈ ਵੀ ਵਰਕਰ ਪਾਰਟ-ਟਾਈਮ ਕੰਮ ’ਤੇ ਹੋਵੇ, ਟੈਂਪ ਏਜੰਸੀ ਰਾਂਹੀ ਕੰਮ ਕਰਦਾ ਹੋਵੇ ਜਾਂ ਕੰਨਟਰੈਕਟ ਬੇਸ ‘ਤੇ ਹੋਵੇ।
- ਮਾਲਕ, ਇਕੋ ਜਿਹਾ ਕੰਮ ਕਰਨ ਵਾਲੇ ਹਰ ਵਰਕਰ ਨੂੰ ਇਕੋ ਜਿੰਨੀ ਪੇਅ ਅਤੇ ਬੈਨੇਫਿਟਸ ਦੇਣ ਭਾਵੇਂ ਕੋਈ ਵੀ ਵਰਕਰ ਕਿਸੇ ਵੀ ਲੰਗਿ, ਰੰਗ ਦਾ ਜਾਂ ਇੱਥੇ ਕੱਚਾ, ਪੱਕਾ ਅਤੇ ਕਿਸੇ ਵੀ ਤਰ੍ਹਾਂ ਰਹਿੰਦਾ ਹੋਵੇ।
- ਸਾਰੇ ਇੰਪਲਾਈਜ਼ ਨੂੰ ਪੇਅ ਸਕੇਲ ਦਾ ਤਰੀਕਾ ਖੁੱਲੇਆਮ ਪਤਾ ਹੋਣਾ ਚਾਹੀਦਾ।

## ਕਾਨੂੰਨ ਇਹੋ ਜਿਹਾ ਹੋਵੇ ਜੋ ਸਾਨੂੰ ਸਭ ਨੂੰ ਸੁਰੱਖਿਆ ਦੇਵੇ

### ਕਾਨੂੰਨ ‘ਚ ਰਹੀਆਂ ਕਮੀਆਂ ਦੂਰ ਕੀਤੀਆਂ ਜਾਣ, ਮਾਲਕਾਂ ਨੂੰ ਮਿਲੀਆਂ ਛੋਟਾਂ ਬੰਦ ਹੋਣ

- ਇਹੋ ਜਿਹਾ ਕਾਨੂੰਨ ਬਣਾE ਜੋ ‘ਇੰਪਲਾਇਮੈਂਟ ਸਟੈਂਡਰਡ ਐਕਟ’ ‘ਚ ਹੋਰ ਵਾਧਾ ਕਰਕੇ ਸਾਰੇ ਵਰਕਰਾਂ ਨੂੰ ਉਸ ‘ਚ ਸ਼ਾਮਿਲ ਕਰੇ, ਰਹੀਆਂ ਕਮੀਆਂ ਦੂਰ ਕੀਤੀਆਂ ਜਾਣ ਅਤੇ ਘੱਟੋ ਘੱਟ ਬੁਨਿਆਦੀ ਅਧਿਆਰਾਂ ‘ਚੋਂ ਮਾਲਕਾਂ ਨੂੰ ਮਿਲੀਆਂ ਛੋਟਾਂ ਬੰਦ ਹੋਣ।

### ਮਾਲਕ ਆਪਣੀਆਂ ਬਣਦੀਆਂ ਜੁੰਮੇਵਾਰੀਆਂ ਹੋਰਾਂ ‘ਤੇ ਨਾ ਪਾਉਂਣ

ਇਹੋ ਜਿਹਾ ਕਾਨੂੰਨ ਬਣਾE ਜੋ:

- ਜਦੋਂ ਮਾਲਕ ਵਰਕਰਾਂ ਲਈ ਟੈਂਪ ਏਜੰਸੀ, ਫਰੈਂਚਾਰੀਜ਼ ਅਤੇ ਸਬ-ਕੰਨਟਰੈਕਟਰ ਨੂੰ ਵਰਤਦੇ ਹਨ ਉਸ ਸਮੇਂ ਵਰਕਰਾਂ ਦੀ ਪੇਅ, ਕੰਮ ਦੀਆਂ ਹਾਲਤਾਂ ਅਤੇ ਮੁੱਦਿਆਂ 'ਤੇ ਹੋਣ ਵਾਲੀ ਕਲੈਕਟਿਵ ਬਾਰਗਨਿੰਗ ਸਮੇਂ ਕੰਪਨੀ ਨੂੰ ਹੀ ਜ਼ੁੰਮੇਵਾਰ ਬਣਾਇਆ ਜਾਣਾ ਚਾਹੀਦਾ ਹੈ।
- ਮਾਲਕ ਜਦੋਂ ਕਿਸੇ ਹੋਰ ਕੰਪਨੀ ਨਾਲ ਸਬ-ਕਨਟਰੈਕਟ ਕਰਦੇ ਹਨ ਜਾਂ ਕਿਸੇ ਹੋਰ ਨੂੰ ਸਾਲਸ ਬਣਾਉਂਦੇ ਹਨ (ਸਿੱਧੇ ਜਾਂ ਅਸਿੱਧੇ) ਉਦੋਂ ਦੋਵੇਂ ਮਾਲਕ ਅਲੱਗ ਅਲੱਗ ਅਤੇ ਦੋਵੇਂ ਕੰਪਨੀਆਂ ਇੰਪਲਾਈਜ਼ ਦੀਆਂ ਵਿਕਾਇਆ ਵੇਜਜ਼ ਅਤੇ ਈ ਐਸ ਏ ਦੇ ਕਾਨੂੰਨ ਅਧੀਨ ਵਰਕਰਾਂ ਦੇ ਬਣਦੇ ਹੱਕਾਂ ਨੂੰ ਬਰਕਰਾਰ ਰੱਖਣ ਲਈ ਜ਼ੁੰਮੇਵਾਰ ਹੋਣ।
- ਜਦੋਂ ਵੀ ਕਨਟਰੈਕਟ ਬੋਲੀ ਲਈ ਲਿਆਇਆ ਜਾਂਦਾ ਹੈ ਜਾਂ ਬਿਜਨਿਸ ਵੇਚਿਆ ਜਾਂਦਾ ਹੈ ਉਦੋਂ ਇੰਪਲਾਈਜ਼ ਦਾ ਰੁਜ਼ਗਾਰ ਬਰਕਰਾਰ ਰਹਿਣਾ ਚਾਹੀਦਾ ਹੈ, ਪੇਅ ਰੇਟ, ਬੈਨੇਫਿਟਸ ਅਤੇ ਯੂਨੀਅਨ ਦੇ ਮੈਂਬਰ ਬਣੇ ਰਹਿਣ ਦਾ ਹੱਕ ਜਾਂ ਸਬ-ਕਨਟਰੈਕਟਰ ਵਰਕਰਜ਼ ਦੇ ਹੱਕ ਪਹਿਲਾਂ ਵਾਲੇ ਹੀ ਰਹਿਣੇ ਚਾਹੀਦੇ ਹਨ।

# ਗਿੱਗ ਵਰਕਰਜ਼ ਦੀ ਸੁਰੱਖਿਆ: ਮਿਸਕਲਾਸੀਫਿਕੇਸ਼ਨ ਨੂੰ ਖਤਮ ਕਰੋ

- ਡੀਜੀਟਲ ਪਲੇਟਫਾਰਮ ਵਰਕਰਜ਼ ਰਾਈਟਸ ਐਕਟ, 2022 ਨੂੰ ਖਤਮ ਕਰੋ।

ਇਹੋ ਜਿਹਾ ਕਾਨੂੰਨ ਬਣਾE ਜੋ:

- ਜਿਸ ਕਾਨੂੰਨ ਦੇ ਅਧੀਨ ਸਾਰੇ ਸਟਾਫ ਨੂੰ ਇੰਪਲਾਈਜ਼ ਵਾਲੇ ਅਧਿਕਾਰ ਹੋਣ।
    - "ਏ ਬੀ ਸੀ ਟੈਸਟ" ਸਥਾਪਤ ਕਰਿਆ ਜਾਵੇ ਜਿਸ ਦੇ ਅਧਾਰ 'ਤੇ ਇਹ ਜਾਣਿਆ ਜਾਵੇ ਕਿ ਕੰਮ ਕਰਨ ਵਾਲਾ ਵਿਅਕਤੀ ਵਰਕਰ ਹੈ ਜਾਂ ਇੰਡੀਪੈਂਡੈਂਟ ਕਨਟਰੈਕਟਰ ਹੈ, ਕਿਸ ਥਾਂ 'ਤੇ
    - ੳ। ਕੰਮ ਦੀ ਕਾਰਗੁਜ਼ਾਰੀ ਲਈ ਵਰਕਰ, ਕੰਨਟਰੈਕਟ ਅਧੀਨ ਅਤੇ ਅਸਲ ਵਿਚ, ਦੋਵੇਂ ਸਬੰਧਾਂ 'ਚ ਕੰਮ ਕਰਨ ਵਾਲੀ ਸੰਸਥਾ ਦੇ ਨਿਯੰਤਰਣ ਅਤੇ ਦਿਸ਼ਾ ਤੋਂ ਮੁਕਤ ਹੈ।
    - ਭ। ਵਰਕਰ ਜੋ ਕੰਮ ਦੀ ਪ੍ਰਦਰਸ਼ਨੀ ਕਰਦਾ ਹੈ ਜੋ ਹਾਇਰਿੰਗ ਹਸਤੀ ਦੇ ਆਮ ਬਿਜਨਿਸ ਤੋਂ ਪਰੇ ਵਾਲੀ ਗੱਲ ਹੈ; ਅਤੇ,
    - ਛ। ਵਰਕਰ ਆਮ ਤੌਰ 'ਤੇ ਉਸ ਤਰ੍ਹਾਂ ਕੰਮ ਕਰਦਾ ਹੈ ਜਿਸ ਤਰ੍ਹਾਂ ਇਕ ਅਜ਼ਾਦ ਤਰੀਕੇ ਨਾਲ ਖੜ੍ਹੇ ਕੀਤੇ ਬਿਜਨਿਸ, ਧੰਦੇ ਜਾਂ ਵਪਾਰ ਲਈ ਕੰਮ ਕੀਤਾ ਜਾਂਦਾ ਹੈ।

# ਟੈਂਪ ਏਜੰਸੀ ਵਰਕਰਾਂ ਨੂੰ ਅਸਲੀ ਸੁਰੱਖਿਆ ਮਿਲੇ

ਇਹੋ ਜਿਹਾ ਕਾਨੂੰਨ ਬਣਾE ਜੋ:

- ਵਰਕਰਜ਼ ਸੈਫਟੀ ਅਤੇ ਇੰਸਿਓਰੈਂਸ ਐਕਟ ਦੇ ਅਧੀਨ ਟੈਂਪ ਏਜੰਸੀ ਵਰਕਰਾਂ ਦੇ ਸੱਟ ਲੱਗਣ ਜਾਂ ਮੌਤ ਹੋ ਜਾਣ 'ਤੇ ਆਰਥਿਕ ਮੁਆਵਜੇ ਲਈ ਕੰਪਨੀਆਂ ਨੂੰ ਜ਼ੁੰਮੇਵਾਰ ਬਣਾਵੇ।
- ਟੈਂਪ ਏਜੰਸੀ ਰਾਂਹੀ ਕੰਮ ਕਰਦੇ ਵਰਕਰ ਅਗਰ ਪੱਕੇ ਤੌਰ 'ਤੇ ਰੱਖੇ ਗਏ ਵਰਕਰ ਵਾਲਾ ਹੀ ਕੰਮ ਕਰਦੇ ਹਨ ਤਾਂ ਉਹਨਾ ਨੂੰ ਵੀ ਪੱਕੇ ਵਰਕਰ ਦੇ ਬਰਾਬਰ ਦੀ ਹੀ ਪੇਅ ਮਿਲੇ।
- ਜਿਹੜੇ ਵਰਕਰ ਟੈਂਪ ਏਜੰਸੀ ਵਲੋਂ ਪਿਛਲੇ 3 ਮਹੀਨਿਆਂ ਤੋਂ ਲਗਾਤਾਰ ਕੰਮ ਕਰਦੇ ਹਨ ਉਹਨਾਂ ਨੂੰ ਕੰਮ ਵਾਲੀ ਕੰਪਨੀ ਹੀ ਪੱਕੇ ਤੌਰ 'ਤੇ ਹਾਇਰ ਕਰੇ।
- ਟੈਂਪ ਏਜੰਸੀ ਦੇ ਵਰਕਰਾਂ ਨੂੰ ਤਿੰਨ ਮਹੀਨੇ ਦਾ ਸਮਾਂ ਪੂਰੇ ਹੋਣ ਤੋਂ ਪਹਿਲਾਂ ਕੰਮ ਤੋਂ ਨਾ ਕੱਢੇ ਜਾਣ ਦੀ ਪੂਰੀ ਸੁਰੱਖਿਆ ਹੋਵੇ।
- ਵਰਕਰ ਨੂੰ ਉਸਦੇ ਕੰਮ ਦਾ ਸਮਾਂ ਪੂਰਾ ਹੋਣ ਤੋਂ ਪਹਿਲਾਂ ਕੱਢੇ ਜਾਣ ਦਾ ਮਾਲਕ ਵਲੋਂ ਕੋਈ ਢੁੱਕਵਾਂ ਕਾਰਣ ਹੋਣਾ ਚਾਹੀਦਾ ਹੈ।

# ਯੂਨੀਅਨ 'ਚ ਸ਼ਾਮਿਲ ਹੋਣ ਦੇ ਢੰਗ ਨੂੰ ਸੌਖਾ ਬਣਾਇਆ ਜਾਵੇ

ਇਹੋ ਜਿਹਾ ਕਾਨੂੰਨ ਬਣਾE ਜੋ:

- ਵਰਕਰ ਵਲੋਂ ਯੂਨੀਅਨ ਦਾ ਕਾਰਡ ਸਾਈਨ ਕਰਨ 'ਤੇ ਉਸ ਨੂੰ ਯੂਨੀਅਨ 'ਚ ਸ਼ਾਮਿਲ ਹੋ ਜਾਣ ਦਾ ਹੱਕ ਹੋਣਾ ਚਾਹੀਦਾ ਹੈ।
- ਵਰਕਰਾਂ ਨੂੰ ਸਾਰੀਆਂ ਫਰੈਂਚਾਈਜ ਅਤੇ ਸਬ-ਕਨਟਰੈਕਟਰਜ਼ ਦੇ ਕੰਮਾਂ 'ਤੇ ਯੂਨੀਅਨਾਂ ਬਣਾਉਂਣ ਦਾ ਹੱਕ ਮਿਲਣਾ ਚਾਹੀਦਾ ਹੈ।
- ਵਰਕਰਾਂ ਨੂੰ ਰੀਜਨ ਜਾਂ ਕੰਮ ਦੇ ਸੈਕਟਰ ਲੈਵਲ ਤੱਕ ਵਰਕਰਾਂ ਦੇ ਮੁੱਦਿਆਂ 'ਤੇ ਸਾਂਝੀ ਬਾਰਗਨਿੰਗ ਕਰਨ ਦਾ ਹੱਕ ਹੋਵੇ।

## ਬੇਇਨਸਾਫੀ ਨਾਲ ਕੰਮ ਤੋਂ ਕੱਢੇ ਜਾਣ ਤੋਂ ਸੁਰੱਖਿਆ ਮਿਲੇ

ਇਹੋ ਜਿਹਾ ਕਾਨੂੰਨ ਬਣਾE ਜੋ:

- ਕਿਸੇ ਇੰਪਲਾਈ (ਵਰਕਰ) ਨੂੰ ਕੰਮ ਤੋਂ ਕੱਢਣ ਸਮੇਂ ਮਾਲਕਾਂ ਨੂੰ ਕੋਈ ਢੁੱਕਵਾਂ ਕਾਰਨ ਜ਼ਰੂਰ ਦੱਸਣਾ ਪਵੇ।
- ਮਾਲਕਾਂ ਨੂੰ ਕੋਈ ਸਿਲਸਿਲੇਵਾਰ ਨਿਯਮਤ ਅਨੁਸਾਸਨ ਦੱਸਿਆ ਜਾਵੇ ਤਾਂ ਕਿ ਮਾਲਕ ਬੇਇਨਸਾਫੀ ਕਰਕੇ ਆਪਣੇ ਇੰਪਲਾਈਜ਼ (ਵਰਕਰਾਂ) ਨੂੰ ਕੰਮ ਤੋਂ ਨਾ ਕੱਢ ਸਕਣ।

## ਮਾਲਕਾਂ ਨੂੰ ਕਾਨੂੰਨ ਮੰਨਣਾ ਪਵੇ

- ਇਹੋ ਜਿਹਾ ਕਾਨੂੰਨ ਬਣਾE ਜੋ ਉਹਨਾ ਵਰਕਰਾਂ ਦੀ ਸੁਰੱਖਿਆ ਕਰੇ ਜੋ ਕੰਮ ‘ਤੇ ਆਪਣੇ ਹੱਕਾਂ ਲਈ ਬੋਲਦੇ ਹਨ, ਤਾਂ ਕੁਝ ਵੀ ਗਲਤ ਹੋਣ ਤੇ ਉਸਦਾ ਸਬੂਤ ਮਾਲਕ ਨੂੰ ਦੇਣਾ ਪਵੇ।

ਇਸ ਤੋਂ ਵੀ ਅੱਗੇ ਸਰਕਾਰ ਨੂੰ ਹੋਰ ਸਟਾਫ ਰੱਖਕੇ ਉਹ ਸਾਰੇ ਜ਼ਰੂਰੀ ਕਦਮ ਉਠਾਉਂਣੇ ਚਾਹੀਦੇ ਹਨ ਤਾਂ ਕਿ ਹੇਠ ਲਿਖੇ ਨਤੀਜਿਆਂ ਨੂੰ ਪ੍ਰਾਪਤ ਕੀਤਾ ਜਾ ਸਕੇ:

- ਕੰਮ ਵਾਲੀਆਂ ਥਾਵਾਂ ‘ਤੇ ਅਚਾਨਕ ਛਾਪੇਮਾਰ ਮੁਆਇਨਾ ਕਰਨ ਦੇ ਕੰਮ ਨੂੰ ਹੋਰ ਵਧਾਇਆ ਜਾਵੇ।
- ਜਦੋਂ ਇਹ ਸਾਬਤ ਹੁੰਦਾ ਹੈ ਕਿ ਮਾਲਕ ਨੇ ਕਾਨੂੰਨ ਤੋੜਿਆ ਹੈ ਤਾਂ ਵੱਡੇ ਜ਼ੁਰਮਾਨੇ ਕੀਤੇ ਜਾਣੇ ਚਾਹੀਦੇ ਹਨ।
- ਜਦੋਂ ਮਾਲਕ ਕਾਨੂੰਨ ਦੀ ਉਲੰਘਣਾ ਕਰਦੇ ਹਨ ਉਸ ਸਮੇਂ ਪੀੜਤ ਵਰਕਰਾਂ ਨੂੰ ਪੂਰਾ ਮੁਆਵਜਾ ਦਿੱਤਾ ਜਾਵੇ, ਇਸ ‘ਚ ਵਰਕਰਾਂ ਦੇ ਉਹ ਖਰਚੇ ਵੀ ਜੋੜੇ ਜਾਣ ਜੋ ਮਾਲਕ ਵਲੋਂ ਕਾਨੂੰਨ ਤੋੜੇ ਜਾਣ ਕਾਰਣ ਵਰਕਰਾਂ ਨੂੰ ਕਰਨੇ ਪਏ ਸਨ।

## ਸਾਰਿਆਂ ਨੂੰ ਪੱਕੀ ਇੰਮੀਗਰੇਸ਼ਨ ਦਿੱਤੀ ਜਾਵੇ

ਫੈਡਰਲ ਸਰਕਾਰ ਦੇ ਉਸ ਕਾਨੂੰਨ ਦੀ ਮਦਦ ਕਰੋ ਜੋ ਇਹ ਲਾਗੂ ਕਰੇ:

- ਸਾਰੇ ਨਵੇਂ ਆਉਂਣ ਵਾਲੇ ਪਰਵਾਸੀਆਂ ਨੂੰ ਇੱਥੇ ਪਹੁੰਚਣ ‘ਤੇ ਹੀ ਪੱਕੇ ਤੌਰ ‘ਤੇ ਰਹਿਣ ਦੀ ਇਜਾਜ਼ਤ ਹੋਵੇ।
- ਜਿਹੜੇ ਪਰਵਾਸੀ ਜਾਂ ਹੋਰ ਲੋਕ ਜੋ ਬਿਨਾਂ ਕਿਸੇ ਪੇਪਰ ਵਰਕ ਤੋਂ ਇੱਥੇ ਪਹਿਲਾਂ ਤੋਂ ਹੀ ਰਹਿ ਰਹੇ ਹਨ ਉਹਨਾ ਸਾਰਿਆਂ ਨੂੰ ਹੀ ਪੱਕਾ ਕੀਤਾ ਜਾਵੇ।

## ਨਸਲਵਾਦ, ਪੱਖਪਾਤ ਅਤੇ ਕੰਮਾਂ ਵਾਲੀਆਂ ਥਾਵਾਂ ‘ਤੇ ਹੁੰਦੀ ਧੱਕੇਸ਼ਾਹੀ ਬੰਦ ਕੀਤੀ ਜਾਵੇ

- ਨਸਲਵਾਦ, ਪੱਖਪਾਤ ਅਤੇ ਧੱਕੇਸ਼ਾਹੀ ਨੂੰ ਖਤਮ ਕਰਨ ਲਈ ਇਕ ਲਗਾਤਾਰਤਾ ਵਾਲੀ ਸਰਗਰਮ ਮੁਹਿੰਮ ਸ਼ੁਰੂ ਕੀਤੀ ਜਾਵੇ।
- ਇਹੋ ਜਿਹੇ ਜ਼ਰੂਰੀ ਕਦਮ ਚੁੱਕਣ ਲਈ ਲੋੜ ਅਨੁਸਾਰ ਫੰਡਜ, ਸਟਾਫ਼ ਅਤੇ ਹੋਰ ਲੋੜੀਦੇ ਸਾਧਨ ਮੁਹੱਈਆ ਕਰਵਾਏ ਜਾਣ, ਜਿਸ ਨਾਲ ਪ੍ਰਭਾਵਸ਼ਾਲੀ ਨਤੀਜੇ ਨਿਕਲ ਸਕਣ ਅਤੇ ਮਨੁੱਖੀ ਅਧਿਕਾਰਾਂ ਤੱਕ ਸ਼ਿਕਾਇਤਾਂ ਕਰਨ ਵਾਲੇ ਨਿਯਮਾਂ ਨੂੰ ਅਸਾਨ ਬਣਾਇਆ ਜਾਵੇ।
- ਇਹੋ ਜਿਹਾ ਪ੍ਰਭਾਵਸ਼ਾਲੀ ਅਤੇ ਸੁਰੱਖਿਆ ਲਈ ਬਲ ਪ੍ਰਦਾਨ ਕਰਨ ਵਾਲਾ ਕਾਨੂੰਨ ਬਣਾਇਆ ਜਾਵੇ ਜਿਸ ਨਾਲ ਕੰਮਾਂ ਵਾਲੀਆਂ ਥਾਵਾਂ ‘ਤੇ ਹੁੰਦੀ ਧੱਕੇਸ਼ਾਹੀ ਅਤੇ ਪਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

**May 2022**

**Workers' Action Centre**
720 Spadina Avenue, Suite 223
Toronto, ON  M5S 2T9

416-531-0778

info@workersactioncentre.org
www.workersactioncentre.org

**ਇਸ ਦੀ ਪੂਰੀ ਰਿਪੋਰਟ ਇੰਗਲਿਸ਼ 'ਚ ਉਪਲੱਬਧ ਹੈ  www.workersactioncentre.org/frontlines.**